EMPLOYMENT ONTARIO
Ontario's employment & training network

Ontario

**ਵੈੱਬ 'ਤੇ ਪਾਉਂਣ ਲਈ ਪੁਨਰ-ਨਿਰੀਖਣ**

## ਐਡਜਸਟਮੈਂਟ ਐਡਵਾਇਜ਼ਰੀ ਪ੍ਰੋਗਰਾਮ

ਐਡਜਸਟਮੈਂਟ ਐਡਵਾਇਜ਼ਰੀ ਪ੍ਰੋਗਰਾਮ (Adjustment Advisory Program (AAP)) ਦੁਆਰਾ ਓਨਟੈਰੀਓ ਸਰਕਾਰ ਕੰਪਨੀਆਂ ਵੱਲੋਂ ਆਪਣੇ ਆਕਾਰ ਘਟਾਉਂਣ ਅਤੇ ਪਲਾਂਟਾਂ ਦੇ ਬੰਦ ਹੋਣ ਨਾਲ ਨਿਪਟਣ ਲਈ ਰਣਨੀਤੀਆਂ ਵਿਕਸਤ ਕਰਨ ਵਾਸਤੇ ਐਂਪਲਾਇਰਾਂ, ਕਰਮਚਾਰੀਆਂ ਤੇ ਕਮਿਊਨਿਟੀਆਂ ਨਾਲ ਰਲ ਕੇ ਕੰਮ ਕਰਦੀ ਹੈ।

ਸਰਕਾਰ ਸਥਾਨਕ ਐਡਜਸਟਮੈਂਟ ਕਮੇਟੀਆਂ ਨੂੰ ਅਗਾਂਹ ਵਧਾਉਂਦੀ ਅਤੇ ਵਿੱਤੀ ਸਹਾਇਤਾ ਪ੍ਰਦਾਨ ਕਰਦੀ ਹੈ, ਜਿਹੜੀਆਂ ਪ੍ਰਭਾਵਤ ਹੋਏ ਵਰਕਰਾਂ ਨੂੰ ਕਈ ਪ੍ਰਕਾਰ ਦੀਆਂ ਸੇਵਾਵਾਂ ਪ੍ਰਦਾਨ ਕਰਦੀਆਂ ਹਨ, ਜਿੰਨ੍ਹਾਂ 'ਚ ਸ਼ਾਮਲ ਹੈ ਕੰਮ ਲੱਭਣ 'ਚ ਮਦਦ ਕਰਨਾਂ, ਕਿੱਤੇ ਅਤੇ ਕਾਰੋਬਾਰ ਲਈ ਸਲਾਹ ਮਸ਼ਵਰਾ ਤੇ ਸਿਖਲਾਈ ਦੀ ਜਾਣਕਾਰੀ, ਕੰਮ ਛੁੱਟ ਜਾਣ ਕਾਰਨ ਪੈਦਾ ਹੋਏ ਤਣਾਉ ਨਾਲ ਨਿਪਟਣ 'ਚ ਨਿੱਜੀ ਸਹਾਇਤਾ, ਵਿੱਤੀ ਸਲਾਹ ਮਸ਼ਵਰਾ ਤੇ ਛੋਟਾ ਕਾਰੋਬਾਰ ਸ਼ੁਰੂ ਕਰਨ ਲਈ ਜਾਣਕਾਰੀ ਦੇਣਾਂ।

ਇਹ ਪ੍ਰੋਗਰਾਮ ਵਡੇਰੇ ਜਨਤਕ ਖੇਤਰ ਦੇ ਐਂਪਲਾਇਰਾਂ, ਜਿਵੇਂ ਸਕੂਲ ਬੋਰਡਾਂ, ਹਸਪਤਾਲਾਂ ਜਾਂ ਮਿਊਂਸਪੈਲਿਟੀਆਂ ਨੂੰ ਸੇਵਾਵਾਂ ਪ੍ਰਦਾਨ ਨਹੀਂ ਕਰਦਾ।

## ਕਿਹੜੀਆਂ ਸੇਵਾਵਾਂ ਉਪਲਬਧ ਹਨ?

ਐਡਜਸਟਮੈਂਟ ਐਡਵਾਇਜ਼ਰੀ ਪ੍ਰੋਗਰਾਮ ਆਪਣੇ ਗਾਹਕਾਂ ਨੂੰ ਕੰਮ ਦੀਆਂ ਥਾਵਾਂ 'ਚ ਕੰਮ ਛੁੱਟਣ ਦੇ ਪ੍ਰਭਾਵਾਂ ਨਾਲ ਨਿਪਟਣ 'ਚ ਮਦਦ ਕਰਨ ਵਜੋਂ ਸਲਾਹ ਮਸ਼ਵਰਾ ਤੇ ਵਿੱਤੀ ਸਹਾਇਤਾ ਪੇਸ਼ ਕਰਦਾ ਹੈ। ਐਡਜਸਟਮੈਂਟ ਐਡਵਾਇਜ਼ਰੀ ਪ੍ਰੋਗਰਾਮ ਦੇ ਸਲਾਹਕਾਰ ਗਾਹਕਾਂ ਨੂੰ ਆਪਣੀਆਂ ਜ਼ਰੂਰਤਾਂ ਨੂੰ ਪਛਾਣਨ 'ਚ ਮਦਦ ਕਰਦੇ ਅਤੇ ਕਿੱਤੇ ਬਾਰੇ ਸਲਾਹ ਮਸ਼ਵਰਾ, ਸਿਖਲਾਈ, ਰੈਫਰਲ ਅਤੇ ਕੰਮ ਦੀ ਭਾਲ ਕਰਨ ਦੇ ਹੁਨਰ ਦੀ ਸਿਖਲਾਈ ਲਈ ਢੁਕਵੀਂ ਸਹਾਇਤਾ ਯਕੀਨੀ ਬਣਾਉਂਦੇ ਹਨ। ਐਡਜਸਟਮੈਂਟ ਕਮੇਟੀਆਂ ਐਂਪਲਾਇਰ ਅਤੇ ਕਰਮਚਾਰੀ ਦੀ ਇਸ ਅਮਲ 'ਚ ਪੂਰਨ ਸ਼ਮੂਲੀਅਤ ਨੂੰ ਯਕੀਨੀ ਬਣਾਉਂਣ ਲਈ ਕਾਇਮ ਕੀਤੀਆਂ ਗਈਆਂ ਹਨ।

### *ਕਰਮਚਾਰੀ ਜਾਂ ਹਟਾਏ ਗਏ ਵਰਕਰਾਂ ਦੀ ਐਡਜਸਟਮੈਂਟ*

ਐਡਜਸਟਮੈਂਟ ਐਡਵਾਇਜ਼ਰੀ ਪ੍ਰੋਗਰਾਮ ਐਡਜਸਟਮੈਂਟ ਕਮੇਟੀਆਂ ਰਾਹੀਂ ਕੰਮ ਤੋਂ ਹਟਾਏ ਗਏ ਕਰਮਚਾਰੀਆਂ ਦੀ ਕੰਮ ਖੁਸ ਜਾਣ ਦੇ ਪ੍ਰਭਾਵਾਂ ਨਾਲ ਨਿਪਟਣ 'ਚ ਉਨ੍ਹਾਂ ਦੀਆਂ ਹੋਰ ਚੋਣਾਂ ਦੀ ਪੜਚੋਲ ਕਰਨ ਅਤੇ ਅਗਾਂਹ ਚੁੱਕੇ ਜਾਣ ਵਾਲੇ ਕਦਮਾਂ ਦੀ ਯੋਜਨਾਂ ਬਣਾਉਂਣ ਦੁਆਰਾ ਮਦਦ ਕਰਦਾ ਹੈ। ਕਮੇਟੀਆਂ 'ਚ ਸਾਰੇ ਪ੍ਰਭਾਵਤ ਕਰਮਚਾਰੀ ਗਰੁੱਪਾਂ ਤੇ ਨਾਲ ਦੀ ਨਾਲ ਮੈਨੇਜਮੈਂਟ ਤੇ ਕੰਪਨੀ ਦੀ ਯੂਨੀਅਨ ਦੇ ਨੁਮਾਇੰਦੇ ਸ਼ਾਮਲ ਹੁੰਦੇ ਹਨ।

ਕਮੇਟੀਆਂ ਪ੍ਰੋਗਰਾਮਾਂ ਅਤੇ ਸੇਵਾਵਾਂ, ਸਟਾਫ ਨੂੰ ਜਿੰਨ੍ਹਾਂ ਦੀ ਲੋੜ ਹੁੰਦੀ ਹੈ, ਦੀਆਂ ਯੋਜਨਾਵਾਂ ਬਣਾਉਂਦੀਆਂ ਤੇ ਉਨ੍ਹਾਂ ਨੂੰ ਲਾਗੂ ਕਰਦੀਆਂ ਹਨ, ਜਿੰਨ੍ਹਾਂ 'ਚ ਸ਼ਾਮਲ ਹੈ: ਕੰਮ ਦੀ ਭਾਲ 'ਚ ਮਦਦ, ਕਿੱਤੇ ਤੇ ਸਿਖਿਆ ਬਾਰੇ ਸਲਾਹ ਮਸ਼ਵਰਾ, ਸਿਖਲਾਈ ਬਾਰੇ ਜਾਣਕਾਰੀ, ਕੰਮ ਛੁੱਟ ਜਾਣ ਦੇ ਤਣਾਉ ਨਾਲ ਨਿਪਟਣ 'ਚ ਨਿੱਜੀ ਸਹਾਇਤਾ, ਵਿੱਤੀ ਸਲਾਹ ਮਸ਼ਵਰਾ ਅਤੇ ਛੋਟਾ ਕਾਰੋਬਾਰ ਸ਼ੁਰੂ ਕਰਨ ਬਾਰੇ ਜਾਣਕਾਰੀ।

### *ਕਮਿਊਨਿਟੀ ਐਡਜਸਟਮੈਂਟ*

ਐਡਜਸਟਮੈਂਟ ਐਡਵਾਇਜ਼ਰੀ ਪ੍ਰੋਗਰਾਮ ਕਮਿਊਨਿਟੀਆਂ ਨੂੰ ਲੇਬਰ ਮਾਰਕੀਟ ਦੀ ਤਬਦੀਲੀ ਨੂੰ ਅਨੁਮਾਨਣ 'ਤੇ ਉਸ ਨਾਲ ਨਿਪਟਣ 'ਚ ਮਦਦ ਕਰਦਾ ਹੈ। ਕਮਿਊਨਿਟੀ ਐਡਜਸਟਮੈਂਟ ਕਮੇਟੀਆਂ ਵੱਖ ਵੱਖ ਪ੍ਰਭਾਵਤ ਕਮਿਊਨਿਟੀ ਗੁਰੱਪਾਂ ਨਾਲ ਨਾਲ

ਬਣੀਆਂ ਹੁੰਦੀਆਂ ਹਨ। ਉਹ ਕੰਮ ਤੋਂ ਹਟਾਏ ਗਏ ਵਰਕਰਾਂ (ਖਾਸ ਤੌਰ ’ਤੇ ਜਿੱਥੇ ਕਈ ਕੰਪਨੀਆਂ ਆਪਣੇ ਆਕਾਰ ਨੂੰ ਛੋਟਾ ਕਰ ਰਹੀਆਂ ਹੋਣ) ਲਈ ਸੇਵਾਵਾਂ ਪੇਸ਼ ਕਰ ਸਕਦੀਆਂ ਹਨ ਜਾਂ ਉਹ ਕਮਿਊਨਿਟੀ ਭਰ ਲਈ ਰਣਨੀਤਕ ਯੋਜਨਾਂਬੰਦੀ ’ਚ ਜੁੱਟ ਸਕਦੀਆਂ ਹਨ ਜਾਂ ਸਥਾਨਕ ਗਰੁੱਪਾਂ ਨਾਲ ਵਿਸ਼ੇਸ਼ ਲੇਬਰ ਐਡਜਸਟਮੈਂਟ ਪ੍ਰਾਜੈਕਟ ਸ਼ੁਰੂ ਕਰ ਸਕਦੀਆਂ ਹਨ।

***ਸੈਕਟਰਲ ਐਡਜਸਟਮੈਂਟ***

ਉਦਯੋਗ ਐਸੋਸੀਏਸ਼ਨਾਂ, ਕਰਮਚਾਰੀ ਐਸੋਸੀਏਸ਼ਨਾਂ, ਐਂਪਲਾਇਰਾਂ ਅਤੇ ਯੂਨੀਅਨ ਨਾਲ ਭਾਈਵਾਲੀ ਰਾਹੀਂ ਇੰਡਸਟਰੀ ਦੀਆਂ ਸਾਂਝੀਆਂ ਲੋੜਾਂ ਤੇ ਉਦੇਸ਼ਾਂ ਦੀ ਪਛਾਣ ਕਰਨ ਵਾਸਤੇ ਸੈਕਟਰਾਂ ਦੀਆਂ ਕਮੇਟੀਆਂ ਬਣਾਈਆਂ ਜਾ ਸਕਦੀਆਂ ਹਨ। ਲੋੜੀਂਦੀਆਂ ਤਬਦੀਲੀਆਂ ਸਰੋਤਾਂ ਦੇ ਤਾਲਮੇਲ ਅਤੇ ਸੈਕਟਰ-ਭਰ ਲਈ ਰਣਨੀਤਕ ਯੋਜਨਾਂਬੰਦੀ ਵੇਖਣ ਦੁਆਰਾ ਲਾਗੂ ਕੀਤੀਆਂ ਜਾਂਦੀਆਂ ਹਨ।

## ਕੌਣ ਸ਼ਾਮਲ ਹੋ ਸਕਦਾ ਹੈ?

ਹਟਾਏ ਗਏ ਵਰਕਰਾਂ ਦੀ ਐਡਜਸਟਮੈਂਟ: ਓਨਟੈਰੀਓ ਦਾ ਕੋਈ ਵੀ ਨਿਵਾਸੀ ਜਿਹੜਾ ਕੰਮ ਤੋਂ ਹਟਾਏ ਜਾਣ, ਆਕਾਰ ਛੋਟੇ ਕੀਤੇ ਜਾਣ ਜਾਂ 50 ਜਾਂ ਇਸ ਤੋਂ ਵੱਧ ਕਰਮਚਾਰੀਆਂ ਵਾਲੇ ਐਂਪਲਾਇਰ ਦੇ ਬੰਦ ਹੋਣ ਜਾਣ, ਜਿਸ ਦੀ ਰਿਪੋਰਟ ਲੇਬਰ ਮੰਤਰਾਲੇ (Ministry of Labour) ਨੂੰ ਫਾਰਮ 1 ਸਮਰੀ ਦੁਆਰਾ ਕੀਤੀ ਗਈ ਹੋਵੇ, ਨਾਲ ਪ੍ਰਭਾਵਤ ਹੋਇਆ ਹੋਵੇ।

ਕਮਿਊਨਿਟੀ ਐਡਜਸਟਮੈਂਟ: ਵੱਖ ਵੱਖ ਪ੍ਰਭਾਵਤ ਕਮਿਊਨਿਟੀ ਗਰੁੱਪ ਜਿੱਥੇ ਕਈ ਸਾਰੀਆਂ ਕੰਪਨੀਆਂ ਆਕਾਰ ਛੋਟਾ ਕਰ ਰਹੀਆਂ ਜਾਂ ਬੰਦ ਹੋ ਰਹੀਆਂ ਹੋਣ।

ਸੈਕਟਰਲ ਐਡਜਸਟਮੈਂਟ: ਇੰਡਸਟਰੀ ਐਸੋਸੀਏਸ਼ਨਾਂ, ਕਰਮਚਾਰੀ ਐਸੋਸੀਏਸ਼ਨਾਂ, ਐਂਪਲਾਇਰਾਂ ਅਤੇ ਯੂਨੀਅਨਾਂ ਦੀਆਂ ਭਾਈਵਾਲੀਆਂ।

## ਮੈਂ ਐਡਜਸਟਮੈਂਟ ਐਡਵਾਇਜ਼ਰੀ ਪ੍ਰੋਗਰਾਮ ਦੁਆਰਾ ਦਿੱਤੀਆਂ ਜਾਂਦੀਆਂ ਸੇਵਾਵਾਂ ਤੱਕ ਪਹੁੰਚ ਕਿਵੇਂ ਕਰ ਸਕਦਾ/ਸਕਦੀ ਹਾਂ?

ਗਾਹਕ, ਜਿਹੜੇ ਇਸ ਪ੍ਰੋਗਰਾਮ ’ਚ ਦਿਲਚਸਪੀ ਰੱਖਦੇ ਹੋਣ ਉਹ ਪੂਰੇ ਓਨਟੈਰੀਓ ’ਚ 26 ਅਪਰੈਂਟਿਸਸ਼ਿੱਪ ਫੀਲਡ ਦਫਤਰਾਂ ’ਚੋਂ ਕਿਸੇ ਇਕ ਨਾਲ ਵਧੇਰੇ ਜਾਣਕਾਰੀ ਲੈਣ ਵਾਸਤੇ ਐਡਜਸਟਮੈਂਟ ਐਡਵਾਇਜ਼ਰੀ ਪ੍ਰੋਗਰਾਮ ਦੇ ਸਲਾਹਕਾਰ ਕੋਲ ਭੇਜੇ ਜਾਣ ਲਈ ਸੰਪਰਕ ਕਰ ਸਕਦੇ ਹਨ।ਐਡਜਸਟਮੈਂਟ ਐਡਵਾਇਜ਼ਰੀ ਪ੍ਰੋਗਰਾਮ ਦੇ ਸਲਾਹਕਾਰ ਹੇਠ ਲਿਖੇ ਫੀਲਡ ਦਫਤਰਾਂ ‘ਚ ਸਥਿਤ ਹਨ:

- ਸਡਬਰੀ (Sudbury)
- ਸਾਲਟ ਸੇਂਟ ਮਰੀ (Sault Ste Marie)
- ਮਿਸੀਸਾਗਾ (Mississauga)
- ਹਮਿਲਟਨ (Hamilton)
- ਵਾਟਰਲੂ (Waterloo )
- ਬੈਰੀ (Barrie)
- ਟੋਰਾਂਟੋ (Toronto)
- ਔਟਵਾ (Ottawa)
- ਬੈਲੇਵਿਲ (Belleville)
- ਸਾਰਨੀਆ (Sarnia)

1-800-387-5656
(416) 326-5656 (ਟੋਰਾਂਟੋ)

www.ontario.ca/employmentontario

ISBN 1-4249-2453-7